# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ:
# ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ’ਤੇ ਆਧਾਰਿਤ ਵਿਤਕਰਾ

ਇਹ ਤੱਥ ਸ਼ੀਟ ਬੀ ਸੀ ਵਿਚ ਲਿੰਗ ਪਛਾਣ (ਜੈਂਡਰ ਆਈਡੈਂਟਟੀ) ਜਾਂ ਲਿੰਗਕ ਇਜ਼ਹਾਰ (ਜੈਂਡਰ ਐਕਸਪ੍ਰੈਸ਼ਨ) ’ਤੇ ਆਧਾਰਿਤ ਵਿਤਕਰੇ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ। ਸੰਪਰਕ ਕਰਨ ਬਾਰੇ ਜਾਣਕਾਰੀ ਇਸ ਤੱਥ ਸ਼ੀਟ ਦੇ ਅੰਤ ’ਤੇ ਦਿੱਤੀ ਗਈ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕਾਂ ਦੀ ਰੱਖਿਆ ਅਤੇ ਹਿਮਾਇਤ ਕਰਨ ਲਈ ਕਾਨੂੰਨ ਹੈ। ਇਸ ਨੂੰ *ਬੀ ਸੀ ਹਿਊਮਨ ਰਾਈਟਸ ਕੋਡ* ਜਾਂ *ਕੋਡ* ਆਖਿਆ ਜਾਂਦਾ ਹੈ। *ਕੋਡ* ਤੁਹਾਡੀ ਲਿੰਗ ਪਛਾਣ ਜਾਂ ਲਿੰਗਕ-ਇਜ਼ਹਾਰ ਕਰਕੇ ਤੁਹਾਡੇ ਨਾਲ ਮਾੜਾ ਜਾਂ ਵੱਖਰੀ ਤਰ੍ਹਾਂ ਵਰਤਾਉ ਕਰਨ ਤੋਂ ਤੁਹਾਡੀ ਰੱਖਿਆ ਕਰਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਇਹ ਤੁਹਾਨੂੰ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਸ਼ਿਕਾਇਤ ਕਰਨ ਦੀ ਆਗਿਆ ਦਿੰਦਾ ਹੈ।

ਜੇ ਤੁਸੀਂ ਕੋਈ ਸ਼ਿਕਾਇਤ ਕਰਦੇ ਹੋ, ਜਾਂ ਸ਼ਿਕਾਇਤ ਕਰਨ ਬਾਰੇ ਸੋਚ ਰਹੇ ਹੋ ਤਾਂ *ਕੋਡ* **ਬਦਲਾ** ਲਏ ਜਾਣ ਤੋਂ ਵੀ ਤੁਹਾਡੀ ਰੱਖਿਆ ਕਰਦਾ ਹੈ। ਇਹ **ਬਦਲਾ** ਹੈ ਜਦੋ ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਤੁਹਾਨੂੰ ਸਬਕ ਸਿਖਾਉਂਦਾ ਹੈ ਜਦੋਂ ਉਹ ਇਹ ਸੋਚਦਾ ਹੈ ਕਿ ਤੁਸੀਂ ਉਨ੍ਹਾਂ ਨਾਲ ਕੁਝ ਕੀਤਾ ਸੀ ਜਾਂ ਤੁਸੀਂ ਕਰਨ ਜਾ ਰਹੇ ਹੋ।

## ਇਸ ਤੱਥ ਸ਼ੀਟ ਵਿਚ ਵਰਤੀਆਂ ਗਈਆਂ ਪਰਿਭਾਸ਼ਾਵਾਂ

**ਲਿੰਗ ਪਛਾਣ** (ਜੈਂਡਰ ਆਇਡੈਂਟਿਟੀ) ਕਿਸੇ ਵਿਅਕਤੀ ਦੀ ਆਪਣੇ ਬਾਰੇ ਮਰਦ, ਔਰਤ, ਦੋਨੋਂ, ਦੋਨਾਂ ਦੇ ਵਿਚਕਾਰ ਜਾਂ ਕੋਈ ਵੀ ਨਾ ਹੋਣ ਦੀ ਭਾਵਨਾ ਹੈ। ਇਸ ਵਿਚ ਆਪਣੇ ਆਪ ਦੀ **ਟ੍ਰਾਂਸਜੈਂਡਰ** ਵਜੋਂ ਪਛਾਣ ਕਰਨ ਵਾਲੇ ਲੋਕ ਵੀ ਸ਼ਾਮਲ ਹਨ। ਲਿੰਗ ਪਛਾਣ ਉਸ ਲਿੰਗ ਦੀ ਹੀ ਹੋ ਸਕਦੀ ਹੈ ਜਾਂ ਵੱਖਰੀ ਹੋ ਸਕਦੀ ਹੈ ਜਿਹੜੀ ਲਿੰਗ ਪਛਾਣ ਉਸ ਨੂੰ ਜਨਮ ਵੇਲੇ ਦਿੱਤੀ ਗਈ ਸੀ।

**ਲਿੰਗਕ ਇਜ਼ਹਾਰ** (ਜੈਂਡਰ ਐਕਸਪ੍ਰੈਸ਼ਨ) ਕਿਸੇ ਵਿਅਕਤੀ ਵਲੋਂ ਆਪਣੇ ਲਿੰਗ (ਜੈਂਡਰ) ਨੂੰ ਪੇਸ਼ ਕਰਨਾ ਹੈ। ਇਸ ਵਿਚ ਵਤੀਰਾ ਅਤੇ ਦਿੱਖ ਸ਼ਾਮਲ ਹੋ ਸਕਦੇ ਹਨ ਜਿਸ ਵਿਚ ਪਹਿਰਾਵਾ, ਵਾਲ, ਮੇਕ-ਅੱਪ, ਸਰੀਰਕ ਭਾਸ਼ਾ ਅਤੇ ਆਵਾਜ਼ ਸ਼ਾਮਲ ਹਨ। ਇਸ ਵਿਚ ਉਸ ਦਾ ਨਾਂ, ਪੜਨਾਂਵ ਵੀ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ ਬੰਦਾ, ਔਰਤ ਜਾਂ ਉਹ। ਕੋਈ ਵਿਅਕਤੀ ਜਿਸ ਤਰ੍ਹਾਂ ਆਪਣੇ ਲਿੰਗ ਨੂੰ ਪੇਸ਼ ਕਰਦਾ ਹੈ, ਹੋ ਸਕਦਾ ਹੈ ਕਿ ਉਹ ਉਸ ਦੀ ਲਿੰਗ ਪਛਾਣ ਨਾਲ ਮੇਲ ਨਾ ਖਾਂਦਾ ਹੋਵੇ। ਉਦਾਹਰਣ ਲਈ, ਜੇ ਕਿਸੇ ਵਿਅਕਤੀ ਦੀ ਲਿੰਗ ਪਛਾਣ ਮਰਦ ਹੈ, ਉਸ ਦਾ ਲਿੰਗ ਇਜ਼ਹਾਰ ਮਰਦਾਂ ਵਾਲਾ ਸਿਰਫ ਤਾਂ ਹੀ ਹੈ ਜੇ ਆਮ ਤੌਰ ’ਤੇ ਉਹ ਵਤੀਰੇ, ਪਹਿਰਾਵੇ, ਅਤੇ/ਜਾਂ ਵਿਵਹਾਰ ਵਿਚ ਮਰਦਾਂ ਵਾਲੇ ਲੱਛਣ ਦਿਖਾਉਂਦਾ ਹੈ। ਲਿੰਗ ਪਛਾਣ ਕਿਸੇ ਵਿਅਕਤੀ ਦੀ ਕਾਮੁਕ ਰੁਚੀ ਤੋਂ ਵੱਖਰੀ ਹੈ।

**ਟ੍ਰਾਂਸ** ਜਾਂ **ਟ੍ਰਾਂਸਜੈਂਡਰ** ਇਕ ਵਿਸ਼ਾਲ ਸ਼ਬਦ ਹੈ ਜਿਹੜਾ ਵੱਖ ਵੱਖ ਲਿੰਗ ਪਛਾਣਾਂ ਅਤੇ ਇਜ਼ਹਾਰਾਂ ਵਾਲੇ ਉਨ੍ਹਾਂ ਲੋਕਾਂ ਬਾਰੇ ਦੱਸਦਾ ਹੈ ਜਿਹੜੇ ਕੁੜੀ/ਔਰਤ ਜਾਂ ਮੁੰਡਾ/ਮਰਦ ਹੋਣ ਬਾਰੇ ਆਮ ਖਿਆਲਾਂ ਨਾਲ ਮੇਲ ਨਹੀਂ ਖਾਂਦੇ। ਉਦਾਹਰਣ ਲਈ, ਉਹ ਲੋਕ ਜਿਹੜੇ ਆਪਣੇ ਆਪ ਦੀ ਟ੍ਰਾਂਸਜੈਂਡਰ, ਟ੍ਰਾਂਸ ਔਰਤ (ਮਰਦ-ਤੋਂ-ਔਰਤ), ਟ੍ਰਾਂਸ ਮਰਦ (ਔਰਤ-ਤੋਂ-ਮਰਦ), ਟ੍ਰਾਂਸਸੈਕਸ਼ੂਅਲ, ਕਰੌਸ-ਡਰੈੱਸਰ, ਜੈਂਡਰ ਨੌਨ-ਕੌਨਫੋਰਮਿੰਗ, ਜੈਂਡਰ ਵੇਰੀਐਂਟ ਜਾਂ ਜੈਂਡਰ ਕਿਊਈਰ ਵਜੋਂ ਪਛਾਣ ਕਰਦੇ ਹਨ। ਟ੍ਰਾਂਸਜੈਂਡਰ ਹੋਣ ਦਾ ਮਤਲਬ ਕੋਈ ਖਾਸ ਕਾਮੁਕ ਰੁਚੀ ਨਹੀਂ ਹੈ।

## ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ’ਤੇ ਆਧਾਰਿਤ ਵਿਤਕਰਾ ਕੀ ਹੈ?

ਹਰ ਇਕ ਨੂੰ ਆਪਣੀ ਲਿੰਗ ਪਛਾਣ ਨਿਸ਼ਚਿਤ ਕਰਨ ਅਤੇ ਆਪਣੇ ਲਿੰਗ (ਜੈਂਡਰ) ਨੂੰ ਜ਼ਾਹਰ ਕਰਨ ਦਾ ਹੱਕ ਹੈ। ਟ੍ਰਾਂਸ ਲੋਕਾਂ ਨੂੰ ਉਸ ਤਰ੍ਹਾਂ ਸਮਝਿਆ ਜਾਣਾ ਅਤੇ ਉਨ੍ਹਾਂ ਨਾਲ ਉਸ ਤਰ੍ਹਾਂ ਵਰਤਾਉ ਕੀਤਾ ਜਾਣਾ ਜ਼ਰੂਰੀ ਹੈ ਜਿਸ ਲਿੰਗ ਪਛਾਣ ਵਿਚ ਉਹ ਰਹਿੰਦੇ ਹਨ ਅਤੇ ਜਿਸ ਲਿੰਗ ਪਛਾਣ ਨੂੰ ਜ਼ਾਹਰ ਕਰਨ ਨੂੰ ਤਰਜੀਹ ਦਿੰਦੇ ਹਨ।

ਜਦੋਂ ਕਿਸੇ ਵਿਅਕਤੀ ਨਾਲ ਉਸ ਦੀ ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ਕਰਕੇ ਮਾੜਾ ਵਰਤਾਉ ਕੀਤਾ ਜਾਂਦਾ ਹੈ ਜਾਂ ਉਸ ਨੂੰ ਕੋਈ ਸਰਵਿਸ ਜਾਂ ਫਾਇਦਾ ਦੇਣ ਤੋਂ ਨਾਂਹ ਕੀਤੀ ਜਾਂਦੀ ਹੈ ਤਾਂ ਇਹ ਵਿਤਕਰਾ ਹੋ ਰਿਹਾ ਹੁੰਦਾ ਹੈ।

ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ’ਤੇ ਆਧਾਰਿਤ ਵਿਤਕਰਾ ਕਈ ਤਰੀਕਿਆਂ ਨਾਲ ਹੋ ਸਕਦਾ ਹੈ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਤੁਹਾਡੇ ਹੇਠੀ ਕਰਨ ਵਾਲੇ ਨਾਂ ਪਾਏ ਜਾਂਦੇ ਹਨ।
- ਤੁਹਾਨੂੰ ਅਢੁਕਵੇਂ ਚੁਟਕਲਿਆਂ, ਤਸਵੀਰਾਂ, ਈਮੇਲਾਂ ਅਤੇ ਸੋਸ਼ਲ ਮੀਡੀਆ ਦਾ ਸਾਮ੍ਹਣਾ ਕਰਨਾ ਪੈਂਦਾ ਹੈ।
- ਤੁਹਾਨੂੰ ਸੇਵਾਵਾਂ ਤੋਂ ਨਾਂਹ ਕੀਤੇ ਜਾਣ ਵਿਚ ਤੁਹਾਡੀ ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ਨਾਂਹ ਕਰਨ ਦਾ ਇਕ ਪੱਖ ਸੀ।
- ਤੁਹਾਨੂੰ ਕੰਮ ਤੋਂ ਹਟਾਇਆ ਜਾਂਦਾ ਹੈ ਜਾਂ ਕੰਮ ’ਤੇ ਰੱਖਿਆ ਨਹੀਂ ਜਾਂਦਾ ਜਾਂ ਤਰੱਕੀ ਨਹੀਂ ਦਿੱਤੀ ਜਾਂਦੀ ਜਿਸ ਵਿਚ ਤੁਹਾਡੀ ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ਇਸ ਫੈਸਲੇ ਦਾ ਇਕ ਕਾਰਨ ਸੀ।
- ਤੁਹਾਨੂੰ ਕਿਰਾਏ ’ਤੇ ਘਰ ਦੇਣ ਤੋਂ ਨਾਂਹ ਕੀਤੀ ਜਾਂਦੀ ਹੈ ਜਿਸ ਵਿਚ ਤੁਹਾਡੀ ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ਨਾਂਹ ਕਰਨ ਦਾ ਇਕ ਕਾਰਨ ਸੀ।

## ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਮਨੁੱਖੀ ਹੱਕਾਂ ਦੀ ਸ਼ਿਕਾਇਤ ਬਣਦੀ ਹੈ?

*ਬੀ ਸੀ ਹਿਊਮਨ ਰਾਈਟਸ ਕੋਡ* ਹੇਠ ਸ਼ਿਕਾਇਤ ਕਰਨ ਲਈ, ਅੱਗੇ ਲਿਖੇ ਸਾਰਿਆਂ ਦਾ ਸੱਚ ਹੋਣਾ ਜ਼ਰੂਰੀ ਹੈ:

- ✓ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਗਿਆ ਹੈ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੀ ਗਈ ਹੈ।
- ✓ ਤੁਹਾਡੇ ਨਾਲ ਵਰਤਾਉ ਕਰਨ ਦੇ ਤਰੀਕੇ (ਮਾੜੀ ਤਰ੍ਹਾਂ ਦਾ ਵਰਤਾਅ ਜਾਂ ਕਿਸੇ ਫਾਇਦੇ ਤੋਂ ਨਾਂਹ) ਅਤੇ ਤੁਹਾਡੀ ਲਿੰਗ ਪਛਾਣ ਜਾਂ ਲਿੰਗਕ ਇਜ਼ਹਾਰ ਵਿਚਕਾਰ ਸੰਬੰਧ ਹੈ।
- ✓ ਇਹ ਵਰਤਾਉ ਕਿਸੇ ਪਬਲਿਕ ਥਾਂ ’ਤੇ ਹੋਇਆ ਹੈ; ਉਦਾਹਰਣ ਲਈ, ਕੰਮ ’ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਲੈਂਡਲਾਰਡ ਅਤੇ ਕਿਰਾਏਦਾਰ ਵਿਚਕਾਰ।

ਤੁਹਾਡੇ ਲਈ ਆਪਣੀ ਸ਼ਿਕਾਇਤ ਘਟਨਾ ਦੇ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਕਰਨਾ ਜ਼ਰੂਰੀ ਹੈ। (ਨੋਟ: ਸਮੇਂ ਦੀ ਇਸ ਸੀਮਾ ਵਿਚ ਕੁਝ ਛੋਟਾਂ ਹਨ।) ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜਿਹੜੀ ਕਿ ਅਦਾਲਤ ਦੀ ਕਾਰਵਾਈ ਵਾਂਗ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ **ਸ਼ਿਕਾਇਤਕਰਤਾ (ਕਮਪਲੇਨੈਂਟ)** ਆਖਿਆ ਜਾਂਦਾ ਹੈ।
ਬੀ ਸੀ ਵਿਚ ਮਨੁੱਖੀ ਹੱਕਾਂ ਬਾਰੇ ਸੰਖੇਪ ਜਾਣਨ ਲਈ ਕਿਰਪਾ ਕਰਕੇ ਤੱਥ ਸ਼ੀਟ **ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਤੁਹਾਨੂੰ ਕੀ ਜਾਣਨ ਦੀ ਲੋੜ ਹੈ** ਦੇਖੋ।

## ਮੈਂ ਮਦਦ ਕਿੱਥੋਂ ਲੈ ਸਕਦਾ/ਸਕਦੀ ਹਾਂ?

ਤੁਸੀਂ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਰਾਹੀਂ ਜਾਣਕਾਰੀ ਲੈ ਸਕਦੇ ਹੋ। ਕਲੀਨਿਕ ਵਿਚਲੇ ਲੋਕ *ਹਿਊਮਨ ਰਾਈਟਸ ਕੋਡ* ਨੂੰ ਸਮਝਣ ਜਾਂ ਸੂਬਾਈ ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਸਿੱਝਣ ਵਿਚ ਮਦਦ ਕਰ ਸਕਦੇ ਹਨ। ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਲਾਉਣ ਲਈ ਕਲੀਨਿਕ ਵਿਖੇ ਕਿਸੇ ਨਾਲ ਗੱਲ ਕਰੋ ਕਿ ਕੀ ਤੁਸੀਂ ਯੋਗ ਹੋ।

**BC Human Rights Clinic**
300-1140 West Pender Street
Vancouver, BC V6E 4G1
ਟੈਲੀਫੋਨ: 604 622-1100
ਫੈਕਸ: 604 685-7611
ਦੂਰੋਂ ਮੁਫਤ: 1 855 685-6222
ਵੈੱਬ: www.BCHRC.net

ਜੇ ਕਿਸੇ ਨੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਹੈ ਤਾਂ ਤੁਸੀਂ **ਉੱਤਰਦਾਤਾ (ਰਿਸਪੌਂਡੈਂਟ)** ਹੋ। **ਉੱਤਰਦਾਤਾ** ਸੂਬੇ ਵਿਚ ਕਿਤਿਉਂ ਵੀ ਅਤੇ ਵਿਕਟੋਰੀਆ ਏਰੀਏ ਦੇ **ਸ਼ਿਕਾਇਤਕਰਤਾ** ਇੱਥੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ:

**University of Victoria**
Law Centre Clinical Law Program
Suite 225 – 850 Burdett Avenue
Victoria, BC V8W 1B4
ਟੈਲੀਫੋਨ: 250 385-1221
ਦੂਰੋਂ ਮੁਫਤ: 1 866 385-1221
ਈ-ਮੇਲ: reception@thelawcentre.ca

ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਭੇਜਿਆ ਜਾ ਸਕਦਾ ਹੈ।

**BC Human Rights Tribunal**
Suite 1170 – 605 Robson Street
Vancouver, BC  V6B 5J3
ਟੈਲੀਫੋਨ: 604 775-2000
ਦੂਰੋਂ ਮੁਫਤ (ਬੀ ਸੀ ਵਿਚ): 1 888 440-8844
ਟੀ ਟੀ ਵਾਈ (ਬੋਲ਼ਿਆਂ ਲਈ): 604 775-2021
ਵੈੱਬ: www.bchrt.gov.bc.ca